# ਵਾਸ਼ਿੰਗਟਨ ਸਟੇਟ ਵਿੱਚ ਸਰਪ੍ਰਾਈਜ਼ ਮੈਡੀਕਲ ਬਿੱਲਾਂ ਅਤੇ ਬੈਲੰਸ ਬਿਲਿੰਗ ਪ੍ਰਤੀ ਤੁਹਾਡੇ ਅਧਿਕਾਰ ਅਤੇ ਸੁਰੱਖਿਆਵਾਂ

*ਜਦੋਂ ਤੁਸੀਂ ਐਮਰਜੈਂਸੀ ਦੇਖਭਾਲ ਪ੍ਰਾਪਤ ਕਰਦੇ ਹੋ ਜਾਂ ਕਿਸੇ ਨੈੱਟਵਰਕ-ਤੋਂ-ਬਾਹਰਲੇ ਪ੍ਰਦਾਤਾ ਦੁਆਰਾ ਕਿਸੇ ਨੈੱਟਵਰਕ-ਵਿਚਲੇ ਹਸਪਤਾਲ ਜਾਂ ਐਂਬੁਲੇਟਰੀ ਸਰਜੀਕਲ ਸੈਂਟਰ ਵਿਖੇ ਇਲਾਜ ਕਰਵਾਉਂਦੇ ਹੋ, ਤਾਂ ਤੁਸੀਂ ਸਰਪ੍ਰਾਈਜ਼ ਬਿਲਿੰਗ ਜਾਂ ਬੈਲੰਸ ਬਿਲਿੰਗ ਤੋਂ ਸੁਰੱਖਿਅਤ ਹੁੰਦੇ ਹੋ।*

## "ਬੈਲੰਸ ਬਿਲਿੰਗ" ਕੀ ਹੈ (ਕਈ ਵਾਰ ਇਸਨੂੰ "ਸਰਪ੍ਰਾਈਜ਼ ਬਿਲਿੰਗ" ਵੀ ਕਿਹਾ ਜਾਂਦਾ ਹੈ)?

ਜਦ ਤੁਸੀਂ ਕਿਸੇ ਡਾਕਟਰ ਜਾਂ ਹੋਰ ਸਿਹਤ ਸੰਭਾਲ ਪ੍ਰਦਾਨਕ ਨੂੰ ਮਿਲਦੇ ਹੋ, ਤਾਂ ਹੋ ਸਕਦਾ ਹੈ ਤੁਹਾਨੂੰ ਆਪਣੇ ਕੋਲੋਂ ਕੁਝ ਵਿਸ਼ੇਸ਼ ਖ਼ਰਚੇ ਦੇਣੇ ਪੈਣ, ਜਿਵੇਂ ਕਿ ਸਹਿ-ਭੁਗਤਾਨ, ਸਹਿ-ਬੀਮਾ, ਅਤੇ/ਜਾਂ ਕਟੌਤੀਯੋਗ ਰਕਮ। ਜੇ ਤੁਸੀਂ ਕਿਸੇ ਪ੍ਰਦਾਨਕ ਨੂੰ ਮਿਲਦੇ ਹੋ ਜਾਂ ਕਿਸੇ ਅਜਿਹੀ ਸਿਹਤ ਸੰਭਾਲ ਸੁਵਿਧਾ ਕੋਲ ਜਾਂਦੇ ਹੋ ਜੋ ਤੁਹਾਡੀ ਸਿਹਤ ਯੋਜਨਾ ਦੇ ਨੈੱਟਵਰਕ ਵਿੱਚ ਨਹੀਂ ਹੈ ਤਾਂ ਹੋ ਸਕਦਾ ਹੈ ਤੁਹਾਨੂੰ ਹੋਰ ਖ਼ਰਚੇ ਵੀ ਦੇਣੇ ਪੈਣ ਜਾਂ ਤੁਹਾਨੂੰ ਸਮੁੱਚੇ ਬਿੱਲ ਦਾ ਭੁਗਤਾਨ ਕਰਨਾ ਪਵੇ।

"ਨੈੱਟਵਰਕ-ਤੋਂ-ਬਾਹਰ" ਤੋਂ ਭਾਵ ਉਹਨਾਂ ਪ੍ਰਦਾਨਕਾਂ ਅਤੇ ਸੁਵਿਧਾਵਾਂ ਤੋਂ ਹੈ ਜਿੰਨ੍ਹਾਂ ਨੇ ਤੁਹਾਡੀ ਸਿਹਤ ਯੋਜਨਾ ਦੇ ਨਾਲ ਕਿਸੇ ਇਕਰਾਰਨਾਮੇ 'ਤੇ ਦਸਤਖਤ ਨਹੀਂ ਕੀਤੇ ਹਨ। ਨੈੱਟਵਰਕ ਤੋਂ ਬਾਹਰ ਪ੍ਰਦਾਤਾਵਾਂ ਨੂੰ ਤੁਹਾਡੀ ਯੋਜਨਾ ਦੁਆਰਾ ਭੁਗਤਾਨ ਲਈ ਸਹਿਮਤੀ ਦਿੱਤੀ ਗਈ ਰਕਮ, ਅਤੇ ਸੇਵਾ ਲਈ ਚਾਰਜ ਕੀਤੀ ਗਈ ਪੂਰੀ ਰਕਮ ਦੇ ਵਿਚਕਾਰ ਦੇ ਅੰਤਰ ਲਈ ਤੁਹਾਨੂੰ ਬਿਲ ਦੇਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਇਸਨੂੰ "ਬੈਲੰਸ ਬਿਲਿੰਗ" ਕਿਹਾ ਜਾਂਦਾ ਹੈ। ਇਹ ਰਕਮ ਸੰਭਵ ਤੌਰ 'ਤੇ ਉਸੇ ਸੇਵਾ ਲਈ ਨੈੱਟਵਰਕ-ਵਿਚਲੇ ਖ਼ਰਚਿਆਂ ਨਾਲੋਂ ਵਧੇਰੇ ਹੈ ਅਤੇ ਹੋ ਸਕਦਾ ਹੈ ਇਸਨੂੰ ਤੁਹਾਡੀ ਆਪਣੇ ਕੋਲੋਂ ਕੀਤੇ ਜਾਣ ਵਾਲੇ ਖਰਚ ਦੀ ਸਾਲਾਨਾ ਸੀਮਾ ਵਿੱਚ ਨਾ ਗਿਣਿਆ ਜਾਵੇ।

"ਸਰਪ੍ਰਾਈਜ਼ ਬਿਲਿੰਗ" ਇੱਕ ਗ਼ੈਰ-ਸੰਭਾਵੀ ਬੈਲੰਸ ਬਿੱਲ ਹੈ। ਇਹ ਉਦੋਂ ਵਾਪਰ ਸਕਦਾ ਹੈ ਜਦੋਂ ਤੁਸੀਂ ਇਸ ਗੱਲ ਨੂੰ ਨਿਯੰਤਰਿਤ ਨਹੀਂ ਕਰ ਸਕਦੇ ਕਿ ਤੁਹਾਡੀ ਦੇਖਭਾਲ ਵਿੱਚ ਕੌਣ ਸ਼ਾਮਲ ਹੈ—ਜਿਵੇਂ ਕਿ ਜਦੋਂ ਤੁਹਾਨੂੰ ਕੋਈ ਐਮਰਜੈਂਸੀ ਹੁੰਦੀ ਹੈ ਜਾਂ ਜਦੋਂ ਤੁਸੀਂ ਕਿਸੇ ਨੈੱਟਵਰਕ ਸੁਵਿਧਾ ਵਿੱਚ ਮੁਲਾਕਾਤ ਤੈਅ ਕਰਦੇ ਹੋ ਪਰ ਅਚਾਨਕ ਕਿਸੇ ਨੈੱਟਵਰਕ-ਤੋਂ-ਬਾਹਰਲੇ ਪ੍ਰਦਾਤਾ ਦੁਆਰਾ ਇਲਾਜ ਕੀਤਾ ਜਾਂਦਾ ਹੈ।

ਬੀਮਾ ਕੰਪਨੀਆਂ ਨੂੰ ਆਪਣੀਆਂ ਵੈੱਬਸਾਈਟਾਂ ਰਾਹੀਂ ਜਾਂ ਬੇਨਤੀ ਕੀਤੇ ਜਾਣ 'ਤੇ ਤੁਹਾਨੂੰ ਇਹ ਦੱਸਣ ਦੀ ਲੋੜ ਹੁੰਦੀ ਹੈ ਕਿ ਉਹਨਾਂ ਦੇ ਨੈੱਟਵਰਕ ਵਿੱਚ ਕਿਹੜੇ ਪ੍ਰਦਾਨਕ, ਹਸਪਤਾਲ, ਅਤੇ ਸੁਵਿਧਾਵਾਂ ਹਨ। ਹਸਪਤਾਲਾਂ, ਸਰਜੀਕਲ ਸੁਵਿਧਾਵਾਂ, ਅਤੇ ਪ੍ਰਦਾਨਕਾਂ ਲਈ ਤੁਹਾਨੂੰ ਇਹ ਦੱਸਣਾ ਲਾਜ਼ਮੀ ਹੈ ਕਿ ਉਹ ਆਪਣੀ ਵੈੱਬਸਾਈਟ 'ਤੇ ਜਾਂ ਬੇਨਤੀ ਕੀਤੇ ਜਾਣ 'ਤੇ ਕਿਹੜੇ ਪ੍ਰਦਾਨਕ ਨੈੱਟਵਰਕਾਂ ਵਿੱਚ ਭਾਗ ਲੈਂਦੇ ਹਨ।

## ਤੁਸੀਂ ਹੇਠ ਲਿਖਿਆਂ ਲਈ ਬੈਲੰਸ ਬਿਲਿੰਗ ਤੋਂ ਸੁਰੱਖਿਅਤ ਹੋ:

### ਸੰਕਟਕਾਲੀਨ ਸੇਵਾਵਾਂ

ਜੇ ਤੁਹਾਨੂੰ ਕੋਈ ਸੰਕਟਕਾਲੀਨ ਡਾਕਟਰੀ ਅਵਸਥਾ, ਮਾਨਸਿਕ ਸਿਹਤ ਜਾਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਵਿਕਾਰ ਦੀ ਬਿਮਾਰੀ ਹੈ ਅਤੇ ਤੁਸੀਂ ਕਿਸੇ ਨੈੱਟਵਰਕ-ਤੋਂ-ਬਾਹਰਲੇ ਪ੍ਰਦਾਨਕ ਜਾਂ ਸੁਵਿਧਾ ਕੋਲੋਂ ਸੰਕਟਕਾਲੀਨ ਸੇਵਾਵਾਂ ਪ੍ਰਾਪਤ ਕਰਦੇ ਹੋ, ਤਾਂ ਵੱਧ ਤੋਂ ਵੱਧ ਪ੍ਰਦਾਨਕ ਜਾਂ ਸੁਵਿਧਾ ਤੁਹਾਡੇ ਤੋਂ ਤੁਹਾਡੀ ਯੋਜਨਾ ਦੀ ਨੈੱਟਵਰਕ-ਵਿਚਲੀ ਲਾਗਤ-ਸਾਂਝੀ ਕਰਨ ਦੀ ਰਕਮ (ਜਿਵੇਂ ਕਿ ਸਹਿ-ਭੁਗਤਾਨ ਅਤੇ ਸਹਿ-ਬੀਮਾ) ਦਾ ਬਿੱਲ ਲੈ ਸਕਦੀ ਹੈ। ਇਨ੍ਹਾਂ ਸੰਕਟਕਾਲੀਨ ਸੇਵਾਵਾਂ ਲਈ ਤੁਹਾਡੀ ਬੈਲੰਸ ਬਿਲਿੰਗ ਨਹੀਂ ਕੀਤੀ

ਜਾ ਸਕਦੀ। ਇਸ ਵਿੱਚ ਉਹ ਸੰਭਾਲ ਸ਼ਾਮਲ ਹੈ ਜੋ ਤੁਸੀਂ ਕਿਸੇ ਹਸਪਤਾਲ ਵਿੱਚ ਅਤੇ ਉਹਨਾਂ ਸੁਵਿਧਾਵਾਂ ਵਿੱਚ ਪ੍ਰਾਪਤ ਕਰਦੇ ਹੋ ਜੋ ਕਿਸੇ ਮਾਨਸਿਕ ਸਿਹਤ ਜਾਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਵਿਕਾਰ ਦੇ ਸੰਕਟਕਾਲ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਸੰਕਟਕਾਲੀਨ ਸੇਵਾਵਾਂ ਪ੍ਰਦਾਨ ਕਰਾਉਂਦੀਆਂ ਹਨ। ਇਹਨਾਂ ਐਮਰਜੈਂਸੀ ਸੇਵਾਵਾਂ ਲਈ ਤੁਹਾਡੇ ਤੋਂ ਬੈਲੰਸ ਬਿੱਲ ਨਹੀਂ ਲਿਆ ਜਾ ਸਕਦਾ, ਜਿਸ ਵਿੱਚ ਉਹ ਸੇਵਾਵਾਂ ਵੀ ਸ਼ਾਮਲ ਹਨ ਜੋ ਤੁਸੀਂ ਸਥਿਰ ਅਵਸਥਾ ਵਿੱਚ ਹੋਣ ਤੋਂ ਬਾਅਦ ਪ੍ਰਾਪਤ ਕਰ ਸਕਦੇ ਹੋ।

### ਕਿਸੇ ਨੈੱਟਵਰਕ-ਵਿਚਲੇ ਹਸਪਤਾਲ ਜਾਂ ਐਂਬੂਲੇਟਰੀ ਸਰਜੀਕਲ ਸੈਂਟਰ ਵਿਖੇ ਕੁਝ ਵਿਸ਼ੇਸ਼ ਸੇਵਾਵਾਂ

ਜਦੋਂ ਤੁਸੀਂ ਕਿਸੇ ਨੈੱਟਵਰਕ-ਵਿਚਲੇ ਹਸਪਤਾਲ ਜਾਂ ਐਂਬੂਲੇਟਰੀ ਸਰਜੀਕਲ ਸੈਂਟਰ ਤੋਂ ਸੇਵਾਵਾਂ ਪ੍ਰਾਪਤ ਕਰਦੇ ਹੋ, ਤਾਂ ਕੁਝ ਵਿਸ਼ੇਸ਼ ਪ੍ਰਦਾਨਕ ਨੈੱਟਵਰਕ-ਤੋਂ-ਬਾਹਰ ਦੇ ਹੋ ਸਕਦੇ ਹਨ। ਇਹਨਾਂ ਮਾਮਲਿਆਂ ਵਿੱਚ, ਇਹ ਪ੍ਰਦਾਤਾ ਤੁਹਾਨੂੰ ਵੱਧ ਤੋਂ ਵੱਧ ਉਸ ਰਕਮ ਦਾ ਬਿਲ ਦੇ ਸਕਦੇ ਹਨ ਜੋ ਤੁਹਾਡੀ ਨੈੱਟਵਰਕ ਵਿਚਲੀ ਲਾਗਤ-ਸ਼ੇਅਰਿੰਗ ਰਕਮ ਹੈ।

**ਤੁਹਾਨੂੰ ਕਦੇ ਵੀ ਨੈੱਟਵਰਕ-ਤੋਂ-ਬਾਹਰ ਦੀ ਦੇਖਭਾਲ ਪ੍ਰਾਪਤ ਕਰਨ ਦੀ ਲੋੜ ਨਹੀਂ ਹੁੰਦੀ। ਤੁਸੀਂ ਆਪਣੇ ਪਲਾਨ ਦੇ ਨੈੱਟਵਰਕ ਵਿੱਚ ਇੱਕ ਪ੍ਰਦਾਤਾ ਜਾਂ ਸਹੂਲਤ ਚੁਣ ਸਕਦੇ ਹੋ।**

## ਤੁਹਾਨੂੰ ਬੈਲੰਸ ਬਿਲਿੰਗ ਤੋਂ ਆਪਣੀਆਂ ਸੁਰੱਖਿਆਵਾਂ ਤੋਂ ਛੂਟ ਦੇਣ ਲਈ ਕਦੋਂ ਕਿਹਾ ਜਾ ਸਕਦਾ ਹੈ:

ਸਿਹਤ ਸੰਭਾਲ ਪ੍ਰਦਾਨਕ, ਜਿੰਨ੍ਹਾਂ ਵਿੱਚ ਹਸਪਤਾਲ ਅਤੇ ਏਅਰ ਐਂਬੂਲੈਂਸ ਪ੍ਰਦਾਨਕ ਵੀ ਸ਼ਾਮਲ ਹਨ, ਕਦੇ ਵੀ ਤੁਹਾਡੇ ਤੋਂ ਇਹ ***ਨਹੀਂ*** ਚਾਹੁਣਗੇ ਕਿ ਤੁਸੀਂ ਬੈਲੰਸ ਬਿੱਲ ਤੋਂ ਆਪਣੀਆਂ ਸੁਰੱਖਿਆਵਾਂ ਦੀ ਛੂਟ ਦੇ ਦੇਵੋਂ।

ਜੇ ਤੁਹਾਡੇ ਕੋਲ ਇੱਕ ਸਵੈ-ਫ਼ੰਡ ਸਹਾਇਤਾ ਪ੍ਰਾਪਤ ਗਰੁੱਪ ਸਿਹਤ ਯੋਜਨਾ ਰਾਹੀਂ ਕਵਰੇਜ ਹੈ, ਤਾਂ ਕੁਝ ਸੀਮਤ ਪ੍ਰਸਥਿਤੀਆਂ ਵਿੱਚ, ਕੋਈ ਪ੍ਰਦਾਨਕ ਤੁਹਾਨੂੰ ਤੁਹਾਡੀਆਂ ਬਕਾਇਆ ਬਿਲਿੰਗ ਸੁਰੱਖਿਆਵਾਂ ਨੂੰ ਛੱਡਣ ਲਈ ਸਹਿਮਤੀ ਦੇਣ ਲਈ ਕਹਿ ਸਕਦਾ ਹੈ, ਪਰ ਤੁਹਾਨੂੰ ਕਦੇ ਵੀ ਆਪਣੀ ਸਹਿਮਤੀ ਦੇਣ ਦੀ ਲੋੜ ***ਨਹੀਂ*** ਹੁੰਦੀ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਰੁਜ਼ਗਾਰਦਾਤਾ ਜਾਂ ਸਿਹਤ ਯੋਜਨਾ ਨਾਲ ਸੰਪਰਕ ਕਰੋ।

## ਜਦੋਂ ਬੈਲੰਸ ਬਿਲਿੰਗ ਦੀ ਇਜਾਜ਼ਤ ਨਹੀਂ ਹੁੰਦੀ, ਤਾਂ ਤੁਹਾਡੇ ਕੋਲ ਹੇਠ ਲਿਖੀਆਂ ਸੁਰੱਖਿਆਵਾਂ ਵੀ ਹੁੰਦੀਆਂ ਹਨ:

- ਤੁਸੀਂ ਸਿਰਫ਼ ਲਾਗਤ ਦੇ ਆਪਣੇ ਹਿੱਸੇ ਦਾ ਭੁਗਤਾਨ ਕਰਨ ਲਈ ਜਿੰਮੇਵਾਰ ਹੋ (ਜਿਵੇਂ ਕਿ ਸਹਿ-ਭੁਗਤਾਨ, ਸਹਿ-ਬੀਮਾ, ਅਤੇ ਕਟੌਤੀਯੋਗ ਰਕਮਾਂ ਜਿੰਨ੍ਹਾਂ ਦਾ ਤੁਸੀਂ ਭੁਗਤਾਨ ਕਰੋਗੇ ਜੇਕਰ ਪ੍ਰਦਾਨਕ ਜਾਂ ਸੁਵਿਧਾ ਨੈੱਟਵਰਕ ਵਿੱਚ ਸੀ)। ਤੁਹਾਡੀ ਸਿਹਤ ਯੋਜਨਾ ਨੈੱਟਵਰਕ-ਤੋਂ-ਬਾਹਰਲੇ ਪ੍ਰਦਾਨਕਾਂ ਅਤੇ ਸੁਵਿਧਾਵਾਂ ਨੂੰ ਸਿੱਧਾ ਭੁਗਤਾਨ ਕਰੇਗੀ।
- ਤੁਹਾਡੀ ਸਿਹਤ ਯੋਜਨਾ ਨੂੰ ਆਮ ਤੌਰ 'ਤੇ ਲਾਜ਼ਮੀ ਤੌਰ 'ਤੇ ਇਹ ਕਰਨਾ ਚਾਹੀਦਾ ਹੈ:
    - ਸੇਵਾਵਾਂ ਲਈ ਪਹਿਲਾਂ ਤੋਂ ਮਨਜ਼ੂਰੀ ਲੈਣ ਦੀ ਲੋੜ ਤੋਂ ਬਿਨਾਂ ਤੁਹਾਡੇ ਲਈ ਸੰਕਟਕਾਲੀਨ ਸੇਵਾਵਾਂ ਨੂੰ ਕਵਰ ਕਰਨਾ (ਅਗਾਊਂ ਅਧਿਕਾਰ)।
    - ਨੈੱਟਵਰਕ ਤੋਂ ਬਾਹਰ ਪ੍ਰਦਾਤਾਵਾਂ ਦੁਆਰਾ ਐਮਰਜੈਂਸੀ ਸੇਵਾਵਾਂ ਨੂੰ ਕਵਰ ਕਰਨਾ।
    - ਪ੍ਰਦਾਨਕ ਜਾਂ ਸੁਵਿਧਾ ਵੱਲ ਤੁਹਾਡਾ ਬਕਾਇਆ ((ਲਾਗਤ-ਸਾਂਝਾ ਕਰਨਾ)) ਕੀ ਹੈ ਉਸਨੂੰ ਇਸ ਗੱਲ 'ਤੇ ਅਧਾਰਿਤ ਕਰਨਾ ਕਿ ਨੈੱਟਵਰਕ-ਵਿਚਲੇ ਪ੍ਰਦਾਨਕ ਜਾਂ ਸੁਵਿਧਾ ਕੋਲ ਕਿੰਨਾ ਭੁਗਤਾਨ ਕਰਨਾ ਪੈਣਾ ਸੀ ਅਤੇ ਫਿਰ ਉਸ ਰਕਮ ਨੂੰ ਤੁਹਾਡੇ ਲਾਭਾਂ ਦੇ ਵਰਣਨ ਵਿੱਚ ਦਰਸਾਉਣਾ।

- ਸੰਕਟਕਾਲੀਨ ਸੇਵਾਵਾਂ ਜਾਂ ਨੈੱਟਵਰਕ-ਤੋਂ-ਬਾਹਰੀ ਸੇਵਾਵਾਂ ਲਈ ਤੁਹਾਡੇ ਵੱਲੋਂ ਅਦਾ ਕੀਤੀ ਜਾਂਦੀ ਕਿਸੇ ਵੀ ਰਕਮ ਨੂੰ ਆਪਣੀ ਕਟੌਤੀਯੋਗ ਰਕਮ ਅਤੇ ਆਪਣੇ ਕੋਲੋਂ ਕੀਤੇ ਜਾਂਦੇ ਖਰਚ ਦੀ ਸੀਮਾ ਵਿੱਚ ਗਿਣਨਾ।

**ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡੀ ਬਿਲਿੰਗ ਸਹੀ ਨਹੀਂ ਹੈ,** ਤਾਂ ਤੁਸੀਂ https://www.cms.gov/nosurprises/consumers 'ਤੇ ਜਾਂ ਫਿਰ 1-800-985-3059 'ਤੇ ਕਾਲ ਕਰਕੇ ਸੰਘੀ ਸਰਕਾਰ ਕੋਲ ਸ਼ਿਕਾਇਤ ਦਾਇਰ ਕਰ ਸਕਦੇ ਹੋ; ਅਤੇ/ਜਾਂ ਇੰਸ਼ੋਰੈਂਸ ਕਮਿਸ਼ਨਰ ਦੇ ਵਾਸ਼ਿੰਗਟਨ ਸਟੇਟ ਆਫਿਸ ਕੋਲ ਉਹਨਾਂ ਦੀ ਵੈੱਬਸਾਈਟ 'ਤੇ ਜਾਂ ਫਿਰ 1-800-562-6900 'ਤੇ ਕਾਲ ਕਰਕੇ ਸ਼ਿਕਾਇਤ ਦਾਇਰ ਕਰ ਸਕਦੇ ਹੋ।

ਸੰਘੀ ਕਨੂੰਨ ਦੇ ਤਹਿਤ ਦੇ ਆਪਣੇ ਅਧਿਕਾਰਾਂ ਬਾਰੇ ਵਧੇਰੇ ਜਾਣਕਾਰੀ ਲਈ https://www.cms.gov/nosurprises 'ਤੇ ਜਾਓ।

ਵਾਸ਼ਿੰਗਟਨ ਸਟੇਟ ਦੇ ਕਨੂੰਨ ਤਹਿਤ ਆਪਣੇ ਅਧਿਕਾਰਾਂ ਬਾਰੇ ਵਧੇਰੇ ਜਾਣਕਾਰੀ ਲਈ ਇੰਸ਼ੋਰੈਂਸ ਕਮਿਸ਼ਨਰ ਬੈਲੇਂਸ ਬਿਲਿੰਗ ਪ੍ਰੋਟੈਕਸ਼ਨ ਐਕਟ ਦੇ ਦਫਤਰ (Office of the Insurance Commissioner Balance Billing Protection Act) ਦੀ ਵੈੱਬਸਾਈਟ ਦੇਖੋ।